"ਪਰਮਤ, ਪਰਚਿੰਤਨ ਅਤੇ ਪਰਦ੍ਰਸ਼ਨ ਤੋਂ ਮੁਕਤ ਬਣੋ ਅਤੇ ਪਰ ਉਪਕਾਰ ਕਰੋ"

ਅੱਜ ਬਾਪਦਾਦਾ ਆਪਣੇ ਚਾਰੋਂ ਪਾਸੇ ਜੋ ਬਾਪ ਦੇ ਬੱਚੇ ਹਨ, ਵਿਸ਼ੇਸ਼ ਹਨ, ਉਨ੍ਹਾਂ ਸਭਨਾਂ ਵਿਸ਼ੇਸ਼ ਆਤਮਾਵਾਂ ਨੂੰ ਵੇਖ ਰਹੇ ਹਨ। ਭਾਵੇਂ ਭਾਰਤ ਦੇ ਜਾਂ ਵਿਦੇਸ਼ ਦੇ ਕਿਸੇ ਵੀ ਕੋਨੇ ਵਿਚ ਹਨ, ਲੇਕਿਨ ਬਾਪਦਾਦਾ ਸ੍ਰਵ ਵਿਸ਼ੇਸ਼ ਆਤਮਾਵਾਂ ਨੂੰ ਨੇੜੇ ਦੇਖ ਰਹੇ ਹਨ। ਬਾਪਦਾਦਾ ਨੂੰ ਆਪਣੇ ਵਿਸ਼ੇਸ਼ ਬੱਚਿਆਂ ਨੂੰ ਵੇਖ ਹਰਸ਼ ਹੁੰਦਾ ਹੈ। ਜਿਵੇਂ ਤੁਸੀਂ ਬੱਚਿਆਂ ਨੂੰ ਬਾਪ ਨੂੰ ਵੇਖ ਕੇ ਖੁਸ਼ੀ ਹੁੰਦੀ ਹੈ ਨਾ! ਖੁਸ਼ੀ ਹੁੰਦੀ ਹੈ ਤਾਂ ਹੀ ਤੇ ਭੱਜ ਕੇ ਆਏ ਹੋ ਨਾ। ਤਾਂ ਬਾਪ ਨੂੰ ਵੀ ਖੁਸ਼ੀ ਹੁੰਦੀ ਹੈ ਮੇਰਾ ਇੱਕ - ਇੱਕ ਬੱਚਾ ਵਿਸ਼ੇਸ਼ ਆਤਮਾ ਹੈ। ਭਾਵੇਂ ਬਜੁਰਗ ਹਨ, ਛੋਟੇ ਬੱਚੇ ਹਨ, ਯੁਵਾ ਹਨ, ਪ੍ਰਵ੍ਰਤੀ ਵਾਲੇ ਹਨ ਲੇਕਿਨ ਸਾਰੇ ਵਿਸ਼ਵ ਦੇ ਅੱਗੇ ਵਿਸ਼ੇਸ਼ ਹਨ। ਭਾਵੇਂ ਕਿੰਨੇ ਵੀ ਵੱਡੇ - ਵੱਡੇ ਵਿਗਿਆਨਕ ਚਮਤਕਾਰ ਵਿਖਾਉਣ ਵਾਲੇ ਵੀ ਹਨ, ਚੰਦਰਮਾ ਤੱਕ ਪਹੁੰਚਣ ਵਾਲੇ ਵੀ ਹਨ ਲੇਕਿਨ ਬਾਪ ਦੇ ਵਿਸ਼ੇਸ਼ ਬੱਚਿਆਂ ਦੇ ਅੱਗੇ ਉਹ ਵੀ ਅਨਜਾਣ ਹਨ। ਪੰਜਾਂ ਹੀ ਤੱਤਵਾਂ ਨੂੰ ਜਾਣ ਲਿਆ, ਉਨ੍ਹਾਂ ਤੇ ਵਿਜੇ ਵੀ ਪ੍ਰਾਪਤ ਕਰ ਲਈ ਲੇਕਿਨ ਛੋਟੀ ਜਿਹੀ ਬਿੰਦੂ ਆਤਮਾ ਨੂੰ ਨਹੀਂ ਜਾਣਿਆ। ਇੱਥੇ ਛੋਟੇ ਬੱਚੇ ਨੂੰ ਵੀ ਪੁੱਛਣਗੇ - ਤੁਸੀਂ ਕੌਣ ਹੋ, ਤਾਂ ਕੀ ਕਹਿਣਗੇ? ਆਤਮਾ ਹਾਂ ਕਹਿਣਗੇ ਨਾ। ਆਤਮਾ ਕਿੱਥੇ ਰਹਿੰਦੀ ਹੈ, ਉਹ ਵੀ ਦੱਸੇਗਾ। ਅਤੇ ਵਿਗਿਆਨਿਕ ਨੂੰ ਪੁੱਛੋ ਆਤਮਾ ਕੀ ਹੈ? ਆਤਮਾ ਦੇ ਗਿਆਨ ਨੂੰ ਹਾਲੇ ਤੱਕ ਜਾਣ ਨਹੀਂ ਸਕੇ। ਤਾਂ ਕਿੰਨੇ ਵੀ ਵੱਡੇ ਹਿਸਟ੍ਰੀ ਦੇ ਹਿਸਾਬ ਨਾਲ, ਇਸ ਦੁਨੀਆ ਦੇ ਹਿਸਾਬ ਨਾਲ ਵਿਸ਼ੇਸ਼ ਹੋਣ ਲੇਕਿਨ ਜਿਸ ਨੇ ਆਪਣੇ ਨੂੰ ਨਹੀਂ ਜਾਣਿਆ, ਉਸ ਤੋਂ ਤਾਂ ਇੱਥੇ ਦਾ ਪੰਜ ਵਰ੍ਹੇ ਵਾਲਾ ਬੱਚਾ ਵਿਸ਼ੇਸ਼ ਹੋ ਗਿਆ। ਤੁਸੀਂ ਲੋਕਾਂ ਦਾ ਸ਼ੁਰੂ - ਸ਼ੁਰੂ ਦਾ ਬਹੁਤ ਫ਼ਲਕ ਦਾ ਗੀਤ ਹੈ, ਯਾਦ ਹੈ ਕਿਹੜਾ ਗੀਤ ਹੈ? ਇੱਕ ਗੀਤ ਸੀ - ਕਿੰਨਾਂ ਵੀ ਵੱਡਾ ਸੇਠ, ਸਵਾਮੀ ਹੋਵੇ ਲੇਕਿਨ ਅਲਫ਼ ਨੂੰ ਨਹੀਂ ਜਾਣਿਆ...। ਤਾਂ ਕਿੰਨੇ ਵੀ ਵੱਡੇ ਹਨ, ਭਾਵੇਂ ਨੇਤਾ ਹਨ, ਭਾਵੇਂ ਅਭਿਨੇਤਾ ਹਨ ਲੇਕਿਨ ਆਪਣੇ ਆਪ ਨੂੰ ਨਹੀਂ ਜਾਣਿਆ ਤਾਂ ਕੀ ਜਾਣਿਆ? ਤਾਂ ਅਜਿਹੀਆਂ ਵਿਸ਼ੇਸ਼ ਆਤਮਾਵਾਂ ਹੋ। ਇੱਥੇ ਦੀ ਅਨਪੜ੍ਹ ਬਜੁਰਗ ਮਾਤਾ ਹੈ ਅਤੇ ਦੂਜੇ ਪਾਸੇ ਚੰਗਾ ਮਹਾਤਮਾ ਹੈ ਲੇਕਿਨ ਬਜੁਰਗ ਮਾਤਾ ਫ਼ਲਕ ਨਾਲ ਕਹੇਗੀ ਕਿ ਅਸੀਂ ਪਰਮਾਤਮਾ ਨੂੰ ਪਾ ਲਿਆ। ਅਤੇ ਮਹਤਮਾ ਕਹੇਗਾ - ਪਰਮਾਤਮਾ ਨੂੰ ਪਾਉਣਾ ਬਹੁਤ ਮੁਸ਼ਕਿਲ ਹੈ, ਲੇਕਿਨ ਇੱਥੇ 100 ਵਰ੍ਹੇ ਦੀ ਉਮਰ ਵਾਲੀ ਵੀ ਨਿਸ਼ਚੇਬੁੱਧੀ ਹੋਵੇਗੀ ਤਾਂ ਉਹ ਕੀ ਕਹੇਗੀ? ਤੁਸੀਂ ਲੱਭਦੇ ਰਹੋ, ਅਸੀਂ ਤਾਂ ਪਾ ਲਿਆ। ਤਾਂ ਮਹਾਤਮਾ ਵੀ ਤੁਹਾਡੇ ਅੱਗੇ ਕੀ ਹੈ! ਪ੍ਰਵ੍ਰਤੀ ਵਾਲੇ ਫ਼ਲਕ ਨਾਲ ਕਹਿਣਗੇ ਕਿ ਅਸੀਂ ਡਬਲ ਪਲੰਗ ਤੇ ਸੌਂਦੇਂ, ਇੱਕਠੇ ਰਹਿੰਦੇ ਵੀ ਪਵਿਤ੍ਰ ਹਾਂ, ਕਿਉਂਕਿ ਸਾਡੇ ਵਿੱਚ ਬਾਪ ਹੈ। ਅਤੇ ਮਹਾਤਮਾ ਕੀ ਕਹਿਣਗੇ? ਕਹਿਣਗੇ ਅੱਗ - ਕਪੂਸ ਇੱਕਠੇ ਰਹਿਣਾ - ਇਹ ਤਾਂ ਅਸੰਭਵ ਲਗਦਾ ਹੈ। ਅਤੇ ਤੁਹਾਡੇ ਲਈ ਕੀ ਹੈ? ਪ੍ਰਵ੍ਰਤੀ ਵਾਲੇ ਦੱਸੋ - ਪ੍ਰਵ੍ਰਤੀ ਵਿੱਚ ਰਹਿਣਾ ਮੁਸ਼ਕਲ ਹੈ ਜਾਂ ਸਹਿਜ ਹੈ? ਸਹਿਜ ਹੈ ਜਾਂ ਕਦੇ - ਕਦੇ ਮੁਸ਼ਕਿਲ ਹੋ ਜਾਂਦਾ ਹੈ? ਜੋ ਪੱਕੇ ਹਨ ਉਹ ਤਾਂ ਵੱਡੀ ਸਭਾ ਹੋਵੇ ਜਾਂ ਕੁਝ ਵੀ ਹੋਵੇ ਫ਼ਲਕ ਨਾਲ ਕਹਿ ਸਕਦੇ ਹਨ ਕਿ ਪਵਿਤ੍ਰਤਾ ਤੇ ਸਾਡਾ ਸਵਧਰਮ ਹੈ। ਪਰਧਰਮ ਨਹੀਂ ਹੈ, ਸਵਧਰਮ ਹੈ। ਤਾਂ ਸਵ ਸਹਿਜ ਹੁੰਦਾ ਹੈ, ਪਰ ਮੁਸ਼ਕਿਲ ਹੁੰਦਾ ਹੈ। ਅਪਵਿਤ੍ਰਤਾ ਪਰਧਰਮ ਹੈ ਲੇਕਿਨ ਪਵਿਤ੍ਰਤਾ ਸਵਧਰਮ ਹੈ। ਤਾਂ ਅਜਿਹੀ ਆਪਣੀ ਵਿਸ਼ੇਸ਼ਤਾ ਨੂੰ ਜਾਣਦੇ ਹੋ ਨਾ? ਕਿਉਂਕਿ ਨਵੇਂ - ਨਵੇਂ ਵੀ ਬਹੁਤ ਆਏ ਹਨ ਨਾ? ਲੇਕਿਨ ਕਿੰਨੇ ਵੀ ਨਵੇਂ ਹਨ ਪਵਿਤ੍ਰਤਾ ਦਾ ਪਾਠ ਤੇ ਪੱਕਾ ਹੈ ਨਾ? ਕਈ ਬੱਚੇ ਇਵੇਂ ਵੀ ਕਰਦੇ ਹਨ- ਜਦੋਂ ਤੱਕ ਬਾਪ ਨਾਲ ਮਿਲਣ ਦਾ ਇੱਕ ਸਾਲ ਪੂਰਾ ਨਹੀਂ ਹੁੰਦਾ, ਸਭ ਨੂੰ ਪਤਾ ਹੈ ਕਿ ਇਹ ਨਿਯਮ ਪੱਕਾ ਹੈ, ਤਾਂ ਮਧੂਬਨ ਵਿੱਚ ਆਉਣ ਤੱਕ ਤੇ ਠੀਕ ਰਹਿੰਦੇ ਹਨ ਲੇਕਿਨ ਵੇਖ ਲਿਆ, ਪਹੁੰਚ ਗਏ, ਤਾਂ ਕਈ ਵਾਪਿਸ ਜਾਕੇ ਅਲਬੇਲੇ ਵੀ ਹੋ ਜਾਂਦੇ ਹਨ ਲੇਕਿਨ ਸੋਚੋ ਕਿ ਪਵਿਤ੍ਰਤਾ ਦੀ ਪ੍ਰਤਿਗਿਆ ਕਿਸ ਨਾਲ ਕੀਤੀ! ਬਾਪ ਦਾ ਫ਼ਰਮਾਨ ਹੈ ਨਾ? ਤਾਂ ਬਾਪ ਨਾਲ ਪ੍ਰਤਿਗਿਆ ਕਰ ਫਿਰ ਜੇਕਰ ਅਲਬੇਲੇ ਹੁੰਦੇ ਹਨ ਤਾਂ ਨੁਕਸਾਨ ਕਿਸਦਾ ਹੋਵੇਗਾ? ਬ੍ਰਾਹਮਣ ਪਰਿਵਾਰ ਵਿਚ ਤੇ ਇੱਕ ਜਾਂਦੇ, 10 ਆਉਂਦੇ ਹਨ। ਲੇਕਿਨ ਨੁਕਸਾਨ ਕਮਜੋਰ ਹੋਣ ਦਾ, ਉਨ੍ਹਾਂ ਆਤਮਾਵਾਂ ਨੂੰ ਹੁੰਦਾ ਹੈ ਇਸਲਈ ਜੋ ਵੀ ਨਵੇਂ - ਨਵੇਂ ਹਨ ਪਹਿਲੀ ਵਾਰ ਆਏ ਹਨ ਉਹ ਬਾਪ ਦੇ ਘਰ ਵਿਚ ਤੇ ਪਹੁੰਚ ਗਏ - ਇਹ ਤਾਂ ਭਾਗ ਦੀ ਗੱਲ ਹੈ ਹੀ ਲੇਕਿਨ ਤਕਦੀਰ ਦੀ ਲਕੀਰ ਨੂੰ ਕਦੇ ਵੀ ਘੱਟ ਨਹੀਂ ਕਰਨਾ। ਤਕਦੀਰ ਨੂੰ ਵੱਡਾ ਕਰਨਾ।

ਵੇਖੋ ਕੋਈ ਵੀ ਬੱਚਾ ਲੌਕਿਕ ਵਿੱਚ ਵੀ ਪੈਦਾ ਹੁੰਦਾ ਹੈ ਤਾਂ ਸਾਰੇ ਕੀ ਕਹਿੰਦੇ ਹਨ? ਸਦਾ ਜਿਉਂਦਾ ਰਹੇ, ਵੱਡੀ ਉਮਰ ਹੋਵੇ। ਤਾਂ ਬਾਪਦਾਦਾ ਵੀ ਵਿਸ਼ੇਸ਼ ਆਤਮਾਵਾਂ ਦੀ ਅਵਿਨਾਸ਼ੀ ਵਿਸ਼ੇਸ਼ਤਾ ਵੇਖਣਾ ਚਾਹੁੰਦੇ ਹਨ। ਥੋੜੇ ਟਾਇਮ ਦੀ ਆਸ ਨਹੀਂ। ਇੱਕ ਸਾਲ ਚੱਲੇ, ਦੋ ਸਾਲ ਚੱਲੇ - ਇਹ ਨਹੀਂ। ਅਵਿਨਾਸ਼ੀ ਰਹਿਣ ਵਾਲੇ ਨੂੰ ਹੀ ਅਵਿਨਾਸ਼ੀ ਪ੍ਰਾਲਬਧ ਪ੍ਰਾਪਤ ਹੁੰਦੀ ਹੈ। ਤਾਂ ਮਾਤਾਵਾਂ ਵੀ ਪੱਕੀਆਂ ਹਨ? ਕਿਉਂਕਿ ਤੁਸੀਂ ਭਾਵੇਂ ਇੱਕ ਸਾਲ ਦੇ ਹੋ ਜਾਂ ਦੋ ਸਾਲ ਦੇ ਹੋ, ਚਾਰ ਦੇ ਹੋ ਪਰ ਸਮਾਪਤੀ ਤੇ ਇੱਕ ਹੀ ਸਮੇਂ ਹੋਣੀ ਹੈ ਨਾ! ਵਿਨਾਸ਼ ਤੇ ਇਕੱਠਾ ਹੋਵੇਗਾ ਨਾ! ਕਿ ਤੁਸੀਂ ਕਹੋਗੇ ਕਿ ਅਸੀਂ ਤਾਂ ਦੋ ਸਾਲ ਦੇ ਹਾਂ ਸਾਡੀ ਸਿਲਵਰ ਜੁਬਲੀ ਹੋ ਜਾਵੇ, ਪਿੱਛੇ ਵਿਨਾਸ਼ ਹੋਵੇ! ਇਹ ਤੇ ਨਹੀਂ ਹੋਵੇਗਾ ਨਾ ਇਸਲਈ ਪਿੱਛੇ ਆਉਣ ਵਾਲੇ ਨੂੰ ਹੋਰ ਅੱਗੇ ਜਾਣਾ ਹੈ। ਥੋੜੇ ਸਮੇਂ ਵਿੱਚ ਬਹੁਤ ਕਮਾਈ ਕਰ ਸਕਦੇ ਹੋ। ਫਿਰ ਵੀ ਤੁਸੀਂ ਲੋਕਾਂ ਨੂੰ ਪੁਰਸ਼ਾਰਥ ਦਾ ਸਮੇਂ ਮਿਲਿਆ ਹੈ। ਅੱਗੇ ਚੱਲ ਕੇ ਤਾਂ ਇਨਾਂ ਵੀ ਸਮੇਂ ਨਹੀਂ ਮਿਲੇਗਾ। ਸੁਣਾਇਆ ਸੀ ਨਾ ਹੁਣ ਲੇਟ ਦਾ ਬੋਰਡ ਤੇ ਲੱਗ ਗਿਆ ਹੈ ਲੇਕਿਨ ਟੂਲੇਟ ਦਾ ਨਹੀਂ ਲੱਗਿਆ ਹੈ। ਤਾਂ ਤੁਸੀਂ ਸਭ ਲੱਕੀ ਹੋ। ਸਿਰਫ ਆਪਣੇ ਭਾਗ ਨੂੰ ਸਮ੍ਰਿਤੀ ਵਿਚ ਰੱਖਦੇ ਹੋਏ ਵਧਦੇ

ਚਲਣਾ। ਕਿਸੇ ਦੀਆਂ ਗੱਲਾਂ ਵਿੱਚ ਨਹੀਂ ਜਾਣਾ।

ਅੱਜ ਬਾਪਦਾਦਾ ਵੇਖ ਰਹੇ ਸਨ ਕਿ ਬੱਚਿਆਂ ਦੇ ਪੁਰਸ਼ਾਰਥ ਦਾ ਸਮੇਂ ਵੇਸਟ ਕਿਓਂ ਜਾਂਦਾ ਹੈ? ਚਾਉਂਦਾ ਕੋਈ ਨਹੀਂ ਹੈ, ਸਭ ਚਾਉਂਦੇ ਹਨ ਕਿ ਸਾਡਾ ਸਮੇਂ ਸਫਲ ਹੋਵੇ ਲੇਕਿਨ ਵਿੱਚ - ਵਿੱਚ ਦੀ ਕਿਤੇ ਅਧਾ ਘੰਟਾ, ਕਿਤੇ 15 ਮਿੰਟ, ਕਿਤੇ ਪੰਜ ਮਿੰਟ ਵੇਸਟ ਚਲਿਆ ਜਾਂਦਾ ਹੈ। ਤਾਂ ਉਸ ਦਾ ਕਾਰਣ ਕੀ? ਅੱਜ ਬਾਪਦਾਦਾ ਨੇ ਵੇਖਿਆ ਕਿ ਨਮਿਜੋਰਟੀ ਦਾ ਵਿਸ਼ੇਸ਼ ਪੁਰਸ਼ਾਰਥ ਜੋ ਘੱਟ ਜਾਂ ਢਿੱਲਾ ਹੁੰਦਾ ਹੈ ਉਸ ਦੇ ਤਿੰਨ ਕਾਰਣ ਹਨ।

ਪਹਿਲਾ ਚਲਦੇ - ਚਲਦੇ ਸ਼੍ਰੀਮਤ ਦੇ ਨਾਲ - ਨਾਲ ਆਤਮਾਵਾਂ ਦੀ ਪਰਮਤ ਮਿਕਸ ਕਰ ਦਿੰਦੇ ਹਨ। ਕੋਈ ਨਾ ਕੋਈ ਗੱਲ ਸੁਣਾ ਦਿੱਤੀ ਅਤੇ ਤੁਸੀਂ ਸਮਝਦੇ ਹੋ ਕਿ ਸੁਣਾਉਣ ਵਾਲਾ ਤੇ ਚੰਗਾ, ਸੱਚਾ ਮਹਾਰਥੀ ਹੈ ਅਤੇ ਤੁਹਾਡਾ ਉਸ ਤੇ ਫੇਥ ਵੀ ਹੈ, ਜਦੋਂ ਅਜਿਹੀ ਕੋਈ ਆਤਮਾ ਤੁਹਾਨੂੰ ਅਜਿਹੀਆਂ ਗੱਲਾਂ ਸੁਣਾਉਂਦੀ ਹੈ ਜਿਸ ਵਿਚ ਇੰਟ੍ਰਸਟ ਵੀ ਆਉਂਦਾ ਹੈ, ਸਮਾਚਾਰ ਤੇ ਚੰਗਾ ਹੈ... ਜਿਵੇਂ ਸੰਸਾਰ ਚੰਗਾ ਲਗਦਾ ਹੈ ਨਾ ਤਾਂ ਬ੍ਰਾਹਮਣ ਸੰਸਾਰ ਦਾ ਸਮਾਚਾਰ ਵੀ ਚੰਗਾ ਲਗਦਾ ਹੈ, ਤਾਂ ਤੁਸੀਂ ਉਸ ਤੇ ਫ਼ੇਥ ਰੱਖ ਕਰਕੇ ਉਹ ਗੱਲ ਸੁਣ ਲਈ ਮਾਨਾ ਆਪਣੇ ਅੰਦਰ ਸਮਾ ਲਈ, ਕਟ ਨਹੀਂ ਕੀਤਾ, ਤਾਂ ਗੱਲ ਸੱਚੀ ਵੀ ਹੈ, ਸਮਾਚਾਰ ਸੱਚਾ ਵੀ ਹੁੰਦਾ ਹੈ, ਸਭ ਝੂਠਾ ਨਹੀਂ ਹੁੰਦਾ, ਕੋਈ ਸੱਚਾ ਵੀ ਹੁੰਦਾ ਹੈ ਲੇਕਿਨ ਬਾਪ ਦਾ ਫ਼ਰਮਾਨ ਕੀ ਹੈ? ਕਿ ਅਜਿਹੇ ਸਮਾਚਾਰ ਭਾਵੇਂ ਸੁਣੋ - ਇਹ ਹੈ ਫ਼ਰਮਾਨ? ਨਹੀਂ, ਜਿਸ ਵਿਚ ਤੁਹਾਡਾ ਕੋਈ ਕੁਨੈਕਸ਼ਨ ਨਹੀਂ ਹੈ, ਸਿਰਫ ਦਿਲਚਸਪ ਸਮਾਚਾਰ ਹੈ, ਤੁਸੀਂ ਕਰ ਕੁਝ ਨਹੀਂ ਸਕਦੇ, ਸਿਰਫ ਸੁਣ ਲਿਆ ਤਾਂ ਇਹ ਸਮਾਚਾਰ ਬੁੱਧੀ ਵਿੱਚ ਤੇ ਗਿਆ, ਟਾਇਮ ਵੇਸਟ ਤੇ ਹੋਇਆ ਜਾਂ ਨਹੀਂ? ਅਤੇ ਬਾਪ ਦੀ ਸ਼੍ਰੀਮਤ ਵਿੱਚ ਪਰਮਤ ਕਰ ਦਿੱਤੀ ਕਿਉਂਕਿ ਬਾਪ ਦੀ ਆਗਿਆ ਹੈ - ਸੁਣਦੇ ਹੋਏ ਨਹੀਂ ਸੁਣੋ। ਤਾਂ ਤੁਸੀਂ ਸੁਣਿਆ ਕਿਓਂ? ਉਸ ਦੀ ਆਦਤ ਪਾਈ। ਮਤਲਬ ਇੱਕ ਵਾਰੀ ਤੁਹਾਨੂੰ ਸਮਾਚਾਰ ਸੁਣਾਇਆ, ਤੁਹਾਨੂੰ ਵੀ ਬਹੁਤ ਚੰਗਾ ਲੱਗਾ, ਨਵੀਂ ਗੱਲ ਹੈ, ਅਜਿਹਾ ਵੀ ਹੁੰਦਾ ਹੈ - ਇਹ ਤੇ ਪਤਾ ਪੈ ਗਿਆ, ਲੇਕਿਨ ਜੇਕਰ ਇੱਕ ਵਾਰੀ ਤੁਸੀਂ ਉਨ੍ਹਾਂ ਦੀ ਗੱਲ ਸੁਣੀ ਤਾਂ ਦੂਜੇ ਵਾਰੀ ਉਹ ਕਿੱਥੇ ਜਾਵੇਗਾ? ਤੁਹਾਡੇ ਕੋਲ ਆਵੇਗਾ। ਤੁਸੀਂ ਉਸ ਦੇ ਲਈ ਕੂੜੇ ਦਾ ਡੱਬਾ ਬਣ ਗਏ ਨਾ! ਜੋ ਵੀ ਅਜਿਹਾ ਸਮਾਚਾਰ ਹੋਵੇਗਾ ਉਹ ਤੁਹਾਡੇ ਕੋਲ ਹੀ ਆਕੇ ਸੁਣਾਏਗਾ ਕਿਉਂਕਿ ਤੁਸੀਂ ਸੁਣਿਆ! ਇਸਲਈ ਜਾਂ ਤੇ ਉਸ ਨੂੰ ਸਮਝਾਓ, ਅਜਿਹੀਆਂ ਗੱਲਾਂ ਤੋਂ ਉਸਨੂੰ ਵੀ ਮੁਕਤ ਕਰੋ। ਸੁਣ ਕਰਕੇ ਇੰਟ੍ਰਸਟ ਨਹੀਂ ਵਧਾਓ ਲੇਕਿਨ ਜੇਕਰ ਸੁਣਦੇ ਹੋ ਤਾਂ ਤੁਹਾਡੇ ਵਿੱਚ ਇਤਨੀ ਤਾਕਤ ਹੋਵੇ ਜੋ ਉਸ ਨੂੰ ਵੀ ਸਦਾ ਦੇ ਲਈ ਫੁੱਲਸਟਾਪ ਲਗਾ ਦਵੇ। ਆਪਣੇ ਅੰਦਰ ਵੀ ਫੁੱਲਸਟਾਪ ਲਗਾਵੋ। ਜਿਸ ਵਿਅਕਤੀ ਦਾ ਸਮਾਚਾਰ ਸੁਣਿਆ ਉਸ ਦੇ ਪ੍ਰਤੀ ਦ੍ਰਿਸ਼ਟੀ ਵਿਚ ਜਾਂ ਸੰਕਲਪ ਵਿੱਚ ਵੀ ਘ੍ਰਿਣਾ ਭਾਵ ਬਿਲਕੁਲ ਨਹੀਂ ਹੋਵੇ। ਇਤਨੀ ਪਾਵਰ ਤੁਹਾਡੇ ਵਿਚ ਹੈ ਤਾਂ ਇਹ ਸੁਣਨਾ ਨਹੀਂ ਹੋਇਆ, ਉਸ ਦਾ ਕਲਿਆਣ ਕਰਨਾ ਹੋਇਆ। ਲੇਕਿਨ ਰਿਜਲਟ ਵਿੱਚ ਵੇਖਿਆ ਜਾਂਦਾ ਹੈ ਮਿਜੋਰਟੀ ਥੋੜ੍ਹਾ - ਥੋੜ੍ਹਾ ਕਿਚੜਾ ਇੱਕਠਾ ਹੁੰਦੇ - ਹੁੰਦੇ ਇਹ ਘ੍ਰਿਣਾ ਭਾਵ ਜਾਂ ਚਾਲ - ਚਲਣ ਵਿੱਚ ਅੰਤਰ ਆ ਜਾਂਦਾ ਹੈ। ਹੋਰ ਕੁਝ ਵੀ ਨਹੀਂ ਹੋਵੇਗਾ ਨਾ ਤਾਂ ਉਸ ਆਤਮਾ ਦੇ ਪ੍ਰਤੀ ਸੇਵਾ ਕਰਨ ਦੀ ਭਾਵਨਾ ਨਹੀਂ ਹੋਵੇਗੀ, ਭਾਰੀਪਣ ਹੋਵੇਗਾ। ਇਸ ਨੂੰ ਕਿਹਾ ਜਾਂਦਾ ਹੈ - ਸ਼੍ਰੀਮਤ ਵਿੱਚ ਪਰਮਤ ਮਿਲਾਉਣਾ। ਸਮਾਚਾਰ ਤੇ ਬਾਪਦਾਦਾ ਵੀ ਸੁਣਦੇ ਹਨ, ਲੇਕਿਨ ਹੁੰਦਾ ਕੀ ਹੈ? ਮਿਜੋਰਟੀ ਦਾ ਭਾਵ ਬਦਲ ਜਾਂਦਾ ਹੈ। ਸੁਣਾਉਣ ਵਿੱਚ ਵੀ ਭਾਵ ਬਦਲ ਜਾਂਦਾ ਹੈ। ਇੱਕ ਆਕੇ ਕਹਿੰਦਾ ਹੈ ਮੈਂ ਵੇਖਿਆ ਕਿ ਇਹ ਦੋ ਗੱਲਾਂ ਕਰ ਰਹੇ ਸਨ ਅਤੇ ਇੱਕ ਦਾ ਸੁਣਿਆ ਹੋਇਆ ਦੂਜਾ ਫਿਰ ਕਹਿੰਦੇ ਹਨ ਨਹੀਂ - ਨਹੀਂ ਖੜੇ ਵੀ ਸਨ ਅਤੇ ਬਹੁਤ ਚੰਗੀ ਤਰ੍ਹਾਂ ਨਹੀਂ ਖੜੇ ਸੀ, ਦੂਸਰਾ ਐਡੀਸ਼ਨ ਹੋਇਆ। ਫਿਰ ਤੀਸਰਾ ਕਹੇਗਾ ਇਨ੍ਹਾਂ ਦਾ ਤੇ ਹੁੰਦਾ ਹੀ ਹੈ। ਕਿੰਨਾਂ ਭਾਵ ਬਦਲ ਗਿਆ। ਉਨ੍ਹਾਂ ਦੀ ਭਾਵਨਾ ਕੀ ਅਤੇ ਗੱਲਾਂ ਵਿੱਚ ਭਾਵ ਕਿੰਨਾਂ ਬਦਲ ਜਾਂਦਾ ਹੈ। ਤਾਂ ਇਹ ਪਰਮਤ ਵਾਯੂਮੰਡਲ ਨੂੰ ਖਰਾਬ ਕਰ ਦਿੰਦਾ ਹੈ। ਤਾਂ ਜੋ ਟਾਇਮ ਵੇਸਟ ਜਾਂਦਾ ਹੈ ਉਸ ਦਾ ਇੱਕ ਕਾਰਣ ਪਰਮਤ ਅਤੇ ਦੂਸਰਾ ਕਾਰਣ ਹੈ ਪਰਚਿੰਤਣ। ਇੱਕ ਤੋਂ ਗੱਲ ਸੁਣੀ ਅਤੇ ਅੱਠ - ਦੱਸ ਨੂੰ ਨਹੀਂ ਸੁਣਾਉਂਦੇ, ਇਹ ਨਹੀਂ ਹੋ ਸਕਦਾ। ਜੇਕਰ ਕੋਈ ਦੂਰਦੇਸ਼ ਵਿਚ ਵੀ ਹੋਵੇਗਾ ਨਾ ਤਾਂ ਵੀ ਉਸ ਨੂੰ ਚਿੱਠੀ ਵਿੱਚ ਲਿਖ ਦੇਣਗੇ - ਇੱਥੇ ਬੜੀ ਨਵੀਂ ਗੱਲ ਹੋਈ ਹੈ, ਤੁਸੀਂ ਆਵੋਗੇ ਨਾ ਤਾਂ ਜਰੂਰ ਸੁਣਾਵਾਂਗੇ। ਤਾਂ ਇਹ ਕੀ ਹੋ ਗਿਆ? ਪਰਚਿੰਤਨ। ਸਮਝੋ ਤੁਸੀਂ ਚਾਰ ਨੂੰ ਸੁਣਾਇਆ, ਉਨ੍ਹਾਂ ਚਾਰਾਂ ਦੀ ਭਾਵਨਾ ਉਸ ਆਤਮਾ ਦੇ ਪ੍ਰਤੀ ਤੁਸੀਂ ਖਰਾਬ ਤੇ ਕੀਤੀ ਨਾ ਅਤੇ ਪਰਚਿੰਤਨ ਸ਼ੁਰੂ ਹੋਇਆ ਤਾਂ ਉਸ ਦੀ ਗਤੀ ਬੜੀ ਫਾਸਟ ਅਤੇ ਲੰਬੀ ਹੁੰਦੀ ਹੈ।

ਪਰਚਿੰਤਨ ਇੱਕ ਦੋ ਸੈਕਿੰਡ ਵਿੱਚ ਪੂਰਾ ਨਹੀਂ ਹੁੰਦਾ। ਜਿਵੇਂ ਬਾਪਦਾਦਾ ਸੁਣਾਉਂਦੇ ਹਨ ਕਿ ਜਦ ਕਿਸੇ ਨੂੰ ਵੀ ਗਿਆਨ ਸੁਣਾਓ ਤਾਂ ਇੰਟਰਸਟ ਦਵਾਉਣ ਦੇ ਲਈ ਉਸ ਨੂੰ ਕਹਾਣੀ ਦੇ ਤਰੀਕੇ ਨਾਲ ਸੁਣਾਓ। ਪਹਿਲੇ ਇਹ ਹੋਇਆ, ਫਿਰ ਕੀ ਹੋਇਆ, ਫਿਰ ਕੀ ਹੋਇਆ, ਫਿਰ ਕੀ ਹੋਇਆ...। ਤਾਂ ਇੰਟਰਸਟ ਵਧਦਾ ਹੈ ਨਾ। ਇਵੇਂ ਜੋ ਪਰਚਿੰਤਨ ਹੁੰਦਾ ਹੈ ਉਹ ਵੀ ਇੱਕ ਇੰਟ੍ਰਸਟ ਹੁੰਦਾ ਹੈ। ਉਸ ਵਿੱਚ ਦੂਜਾ ਜਰੂਰ ਸੋਚੇਗਾ, ਫਿਰ ਕੀ ਹੋਇਆ, ਫਿਰ ਉਵੇਂ ਹੋਇਆ, ਹਾਂ ਇਵੇਂ ਹੋਇਆ ਹੋਵੇਗਾ... ਤਾਂ ਇਹ ਵੀ ਕਹਾਣੀ ਬੜੀ ਲੰਬੀ ਹੈ। ਬਾਪਦਾਦਾ ਤੇ ਸਭ ਦੇ ਦਿਲ ਦੀਆਂ ਗੱਲਾਂ ਸੁਣਦੇ ਵੀ ਹਨ, ਵੇਖਦੇ ਵੀ ਹਨ। ਕੋਈ ਕਿਨਾਂ ਵੀ ਛੁਪਾਉਣ ਦੀ ਕੋਸ਼ਿਸ਼ ਕਰੇ ਸਿਰਫ ਬਾਪਦਾਦਾ ਕਿਤੇ - ਕਿਤੇ ਲੋਕ ਸੰਗ੍ਰਹ ਦੇ ਅਰਥ ਖੁੱਲਾ ਇਸ਼ਾਰਾ ਨਹੀਂ ਦਿੰਦੇ, ਬਾਕੀ ਜਾਣਦੇ ਸਭ ਹਨ। ਕੋਈ ਕਿਨਾਂ ਵੀ ਕਹੇ ਕਿ ਨਹੀਂ, ਮੈਂ ਤਾਂ ਕਦੇ ਨਹੀਂ ਕਰਦਾ, ਬਾਪਦਾਦਾ ਦੇ ਕੋਲ ਰਜਿਸਟਰ ਹੈ, ਕਿੰਨੇ ਵਾਰ ਕੀਤਾ, ਕੀ - ਕੀ ਕੀਤਾ, ਕਿਸ ਵੇਲੇ ਕੀਤਾ, ਕਿੰਨਿਆਂ ਨਾਲ ਕੀਤਾ - ਇਹ ਸਭ ਰਜਿਸਟਰ ਹੈ। ਸਿਰਫ ਕਿਧਰੇ - ਕਿਧਰੇ ਚੁੱਪ ਰਹਿਣਾ ਪੈਂਦਾ ਹੈ। ਤਾਂ ਦੂਸਰੀ ਗੱਲ ਸੁਣਾਈ - ਪਰਚਿੰਤਨ। ਉਸ ਦਾ ਸਵਚਿੰਤਨ ਕਦੇ ਨਹੀਂ ਚੱਲੇਗਾ। ਕੋਈ ਵੀ ਗੱਲ ਹੋਵੇਗੀ, ਪਰਚਿੰਤਨ ਵਾਲਾ ਆਪਣੀ ਗਲਤੀ ਵੀ ਦੂਸਰੇ ਤੇ ਲਗਾਵੇਗਾ। ਅਤੇ ਪਰਚਿੰਤਨ ਵਾਲੇ ਗੱਲ ਬਨਾਉਣ ਵਿੱਚ ਨੰਬਰਵਨ ਹੁੰਦੇ ਹਨ। ਪੂਰੀ ਆਪਣੀ ਗਲਤੀ ਦੂਜੇ ਦੇ ਪ੍ਰਤੀ ਇਵੇਂ ਸਿੱਧ ਕਰਨਗੇ ਜੋ ਸੁਣਨ ਵਾਲੇ ਵੱਡਿਆਂ ਨੂੰ ਵੀ ਚੁੱਪ

ਰਹਿਣਾ ਪੈਂਦਾ ਹੈ। ਤਾਂ ਸਵਚਿੰਤਨ ਇਸ ਨੂੰ ਨਹੀਂ ਕਿਹਾ ਜਾਂਦਾ ਹੈ ਕਿ ਸਿਰਫ ਗਿਆਨ ਦੀਆਂ ਪੁਆਇੰਟਸ ਰਪੀਟ ਕਰ ਦਿੱਤੀਆਂ ਜਾਂ ਗਿਆਨ ਦੀਆਂ ਪੁਆਇੰਟਸ ਸੁਣ ਲਈਆਂ, ਸੁਣਾ ਦਿੱਤੀਆਂ - ਸਿਰਫ ਇਹ ਹੀ ਪਰਚਿੰਤਨ ਨਹੀਂ ਹੈ। ਲੇਕਿਨ ਸਵਚਿੰਤਨ ਮਤਲਬ ਆਪਣੀਆਂ ਸੂਖਸ਼ਮ ਕਮਜੋਰੀਆਂ ਨੂੰ, ਆਪਣੀਆਂ ਛੋਟੀਆਂ - ਛੋਟੀਆਂ ਗਲਤੀਆਂ ਨੂੰ ਚਿੰਤਨ ਕਰਕੇ ਮਿਟਾਉਣਾ, ਪਰੀਵਰਤਣ ਕਰਨਾ, ਇਹ ਸਵਚਿੰਤਨ ਹੈ। ਬਾਕੀ ਗਿਆਨ ਸੁਣਨਾ ਅਤੇ ਸੁਣਾਉਣਾ ਉਸ ਵਿੱਚ ਤਾਂ ਸਾਰੇ ਹੁਸ਼ਿਆਰ ਹਨ। ਉਹ ਗਿਆਨ ਦਾ ਚਿੰਤਨ ਹੈ, ਮਨਨ ਹੈ ਲੇਕਿਨ ਸਵਚਿੰਤਨ ਦਾ ਮਹੀਨ ਅਰਥ ਆਪਣੇ ਪ੍ਰਤੀ ਹੈ ਕਿਉਂਕਿ ਜਦੋਂ ਰਿਜਲਟ ਨਿਕਲੇਗੀ ਤਾਂ ਰਿਜਲਟ ਵਿੱਚ ਇਹ ਨਹੀਂ ਵੇਖਿਆ ਜਾਵੇਗਾ ਕੀ ਇਸ ਨੇ ਗਿਆਨ ਦਾ ਮਨਨ ਚੰਗਾ ਕੀਤਾ ਜਾਂ ਸੇਵਾ ਵਿਚ ਗਿਆਨ ਨੂੰ ਚੰਗਾ ਯੂਜ ਕੀਤਾ। ਇਸ ਰਿਜਲਟ ਦੇ ਪਹਿਲੇ ਸਵਚਿੰਤਨ ਅਤੇ ਪਰਿਵਰਤਨ, ਸਵਚਿੰਤਨ ਕਰਨ ਦਾ ਅਰਥ ਹੀ ਹੈ ਪਰਿਵਰਤਨ ਕਰਨਾ। ਤਾਂ ਜਦੋਂ ਫਾਈਨਲ ਰਿਜ਼ਲਟ ਹੋਵੇਗੀ, ਉਸ ਵਿੱਚ ਪਹਿਲੀ ਮਾਰਕਸ ਪ੍ਰੈਕਟੀਕਲ ਧਾਰਨਾ ਸਵਰੂਪ ਨੂੰ ਮਿਲੇਗੀ। ਜੋ ਧਾਰਨਾ ਸਵਰੂਪ ਹੋਵੇਗਾ ਉਹ ਨੇਚਰੁਲ ਯੋਗੀ ਤਾਂ ਹੋਵੇਗਾ ਹੀ। ਜੇਕਰ ਮਾਰਕਸ ਜ਼ਿਆਦਾ ਲੈਣੀ ਹੈ ਤਾਂ ਪਹਿਲੇ ਜੋ ਦੂਸਰੇ ਨੂੰ ਸੁਣਾਉਂਦੇ ਹੋ, ਅੱਜਕਲ ਵਾਲਿਉਯ ਤੇ ਜੋ ਭਾਸ਼ਣ ਕਰਦੇ ਹੋ, ਉਸਦੀ ਪਹਿਲੇ ਖੁਦ ਵਿੱਚ ਚੈਕਿੰਗ ਕਰੋ ਕਿਉਂਕਿ ਸੇਵਾ ਦੀ ਇੱਕ ਮਾਰਕਸ ਤਾਂ ਧਾਰਨਾ ਸਵਰੂਪ ਦੀ 10 ਮਾਰਕਸ ਹੁੰਦੀ ਹੈ, ਜੇਕਰ ਤੁਸੀਂ ਗਿਆਨ ਨਹੀਂ ਦੇ ਸਕਦੇ ਹੋ ਪਰ ਆਪਣੀ ਧਾਰਨਾ ਨਾਲ ਪ੍ਰਭਾਵ ਪਾਉਦੇ ਹੋ ਤਾਂ ਤੁਹਾਡੇ ਸੇਵਾ ਦੀ ਮਾਰਕਸ ਜਮਾਂ ਹੋ ਗਈ ਨਾ।

ਅੱਜਕਲ ਕਈ ਸਮਝਦੇ ਹਨ ਕਿ ਸਾਨੂੰ ਸੇਵਾ ਦਾ ਚਾਂਸ ਬਹੁਤ ਘੱਟ ਮਿਲਦਾ ਹੈ, ਸਾਨੂੰ ਚਾਂਸ ਮਿਲਣਾ ਚਾਹੀਦਾ, ਦੂਸਰੇ ਨੂੰ ਮਿਲਦਾ ਹੈ, ਮੈਂਨੂੰ ਕਿਉਂ ਨਹੀਂ? ਸੇਵਾ ਕਰਨਾ ਬਹੁਤ ਚੰਗਾ ਹੈ ਕਿਉਂਕਿ ਜੇਕਰ ਬੁੱਧੀ ਫ੍ਰੀ ਰਹਿੰਦੀ ਹੈ ਤਾਂ ਵਿਅਰਥ ਬਹੁਤ ਚਲਦਾ ਹੈ ਇਸਲਈ ਸੇਵਾ ਵਿੱਚ ਬੁੱਧੀ ਬਿਜ਼ੀ ਰਹੇ, ਇਹ ਸਾਧਨ ਵਧੀਆ ਹੈ। ਸੇਵਾ ਦਾ ਉਮੰਗ ਤਾਂ ਚੰਗਾ ਹੀ ਹੈ ਪਰ ਡਰਾਮੇ ਅਨੁਸਾਰ ਜਾਂ ਸਰਕਮਸਟਾਂਸ਼ ਅਨੁਸਾਰ ਮਾਨੋ ਤੁਹਾਨੂੰ ਚਾਂਸ ਨਹੀਂ ਮਿਲਿਆ ਅਤੇ ਤੁਹਾਡੀ ਅਵਸਥਾ ਦੂਸਰੇ ਦੀ ਸੇਵਾ ਕਰਨ ਦੀ ਬਜਾਏ ਆਪਣੀ ਵੀ ਗਿਰਾਵਟ ਵਿੱਚ ਆ ਜਾਏ ਜਾਂ ਉਹ ਸੇਵਾ ਨਾਲ ਤੁਸੀਂ ਹਲਚਲ ਵਿੱਚ ਆਏ, ਤਾਂ ਉਹ ਸੇਵਾ ਕੀ ਹੋਈ? ਉਸ ਸੇਵਾ ਦਾ ਪ੍ਰਤੱਖਫਲ ਕੀ ਮਿਲੇਗਾ? ਸੱਚੀ ਸੇਵਾ, ਪਿਆਰ ਨਾਲ ਸੇਵਾ, ਸਭ ਦੀਆਂ ਦੁਆਵਾਂ ਨਾਲ ਸੇਵਾ, ਉਸਦਾ ਪ੍ਰਤੱਖਫ਼ਲ ਖੁਸ਼ੀ ਹੁੰਦੀ ਹੈ ਅਤੇ ਜੇਕਰ ਸੇਵਾ ਵਿੱਚ ਫੀਲਿੰਗ ਆ ਗਈ ਤਾਂ ਇੱਥੇ ਬ੍ਰਾਹਮਣ ਫੀਲਿੰਗ ਨੂੰ ਕੀ ਕਹਿੰਦੇ ਹਨ? ਫਲੂ। ਫਲੂ ਵਾਲਾ ਕੀ ਕਰਦਾ ਹੈ? ਸੋ ਜਾਂਦਾ ਹੈ। ਖਾਣਾ ਨਹੀਂ ਖਾਏਗਾ। ਸੋ ਜਾਏਗਾ। ਇੱਥੇ ਵੀ ਫ਼ੀਲਿੰਗ ਆਉਂਦੀ ਹੈ ਤਾਂ ਜਾਂ ਖਾਣਾ ਛੱਡਣਾ ਜਾਂ ਰੁੱਸ ਕਰਕੇ ਬੈਠ ਜਾਏਗਾ। ਤਾਂ ਇਹ ਫਲੂ ਹੋਇਆ ਨਾ। ਜੇਕਰ ਤੁਸੀਂ ਧਾਰਨਾ ਸਵਰੂਪ ਹੋ, ਸੱਚੇ ਸੇਵਾਧਾਰੀ ਹੋ, ਸਵਾਰਥੀ ਸੇਵਾ ਨਹੀਂ। ਇੱਕ ਹੁੰਦੀ ਹੈ ਕਲਿਆਣ ਦੀ ਭਾਵਨਾ ਨਾਲ ਸੇਵਾ ਅਤੇ ਦੂਜੀ ਹੁੰਦੀ ਹੈ ਸਵਾਰਥ ਨਾਲ। ਮੇਰਾ ਨਾਮ ਆ ਜਾਏਗਾ, ਮੇਰਾ ਅਖ਼ਬਾਰ ਵਿੱਚ ਫੋਟੋ ਆ ਜਾਵੇਗਾ, ਮੇਰਾ ਟੀ. ਵੀ. ਵਿੱਚ ਆ ਜਾਵੇਗਾ, ਮੇਰਾ ਬ੍ਰਾਹਮਣਾਂ ਵਿੱਚ ਨਾਮ ਹੋ ਜਾਵੇਗਾ, ਬ੍ਰਾਹਮਣੀ ਬਹੁਤ ਅੱਗੇ ਰੱਖੇਗੀ, ਪੁੱਛੇਗੀ... ਇਹ ਸਭ ਭਾਵ ਸਵਾਰਥੀ - ਸੇਵਾ ਦੇ ਹਨ ਕਿਉਂਕਿ ਅੱਜਕਲ ਦੇ ਹਿਸਾਬ ਨਾਲ, ਪ੍ਰਤਖਤਾ ਦੇ ਹਿਸਾਬ ਨਾਲ, ਹੁਣ ਸੇਵਾ ਤੁਹਾਡੇ ਕੋਲ ਆਵੇਗੀ, ਸ਼ੁਰੂ ਵਿਚ ਸਥਾਪਨਾ ਦੀ ਗੱਲ ਦੂਜੀ ਸੀ ਲੇਕਿਨ ਹੁਣ ਤੁਸੀ ਸੇਵਾ ਦੇ ਪਿੱਛਾੜੀ ਨਹੀਂ ਜਾਵੋਗੇ। ਤੁਹਾਡੇ ਕੋਲ ਸੇਵਾ ਖੁਦ ਚੱਲਕੇ ਆਵੇਗੀ। ਤਾਂ ਜੋ ਸੱਚਾ ਸੇਵਾਧਾਰੀ ਹੈ ਉਸ ਸੇਵਾਧਾਰੀ ਨੂੰ ਚੱਲੋ ਹੋਰ ਕੋਈ ਸੇਵਾ ਨਹੀਂ ਮਿਲੀ ਲੇਕਿਨ ਬਾਪਦਾਦਾ ਕਹਿੰਦੇ ਹਨ ਆਪਣੇ ਚਿਹਰੇ ਤੋਂ ਆਪਣੀ ਚਲਣ ਤੋਂ ਸੇਵਾ ਕਰੋ। ਤੁਹਾਡਾ ਚਿਹਰਾ ਬਾਪ ਦਾ ਸਾਖਸ਼ਾਤਕਾਰ ਕਰਵਾਏ। ਤੁਹਾਡਾ ਚਿਹਰਾ, ਤੁਹਾਡੀ ਚਲਣ ਬਾਪ ਦੀ ਯਾਦ ਦਿਲਾਵੇ। ਇਹ ਸੇਵਾ ਨੰਬਰਵਨ ਹੈ। ਇਵੇਂ ਦੇ ਸੇਵਾਧਾਰੀ ਜਿਨ੍ਹਾਂ ਵਿੱਚ ਸਵਾਰਥ ਭਾਵ ਨਹੀਂ ਹੋਵੇ। ਇਵੇਂ ਨਹੀਂ ਮੈਨੂੰ ਹੀ ਚਾਂਸ ਮਿਲੇ, ਮੇਰੇ ਨੂੰ ਹੀ ਮਿਲਣਾ ਚਾਹੀਦਾ ਹੈ, ਕਿਉਂ ਨਹੀਂ ਮਿਲਦਾ, ਮਿਲਣਾ ਚਾਹੀਦਾ - ਇਵੇਂ ਦੇ ਸੰਕਲਪ ਨੂੰ ਵੀ ਸਵਾਰਥ ਕਿਹਾ ਜਾਂਦਾ ਹੈ। ਭਾਵੇਂ ਬ੍ਰਾਹਮਣ ਪਰਿਵਾਰ ਵਿੱਚ ਤੁਹਾਡਾ ਨਾਮ ਨਾਮੀਗ੍ਰਾਮੀ ਨਹੀਂ ਹੈ, ਸੇਵਾਧਾਰੀ ਚੰਗੇ ਹੋ ਫਿਰ ਵੀ ਤੁਹਾਡਾ ਨਾਮ ਨਹੀਂ ਹੈ, ਪਰ ਬਾਪ ਦੇ ਕੋਲ ਤਾਂ ਨਾਮ ਹੈ ਨਾ, ਜਦੋਂ ਬਾਪ ਦੇ ਦਿਲ ਤੇ ਨਾਮ ਹੈ ਤਾਂ ਹੋਰ ਕੀ ਚਾਹੀਦਾ ਹੈ! ਅਤੇ ਸਿਰਫ ਬਾਪ ਦੇ ਦਿਲ ਤੇ ਨਹੀਂ ਪਰ ਜਦੋਂ ਫਾਈਨਲ ਵਿੱਚ ਨੰਬਰ ਮਿਲਣਗੇ ਤਾਂ ਤੁਹਾਡਾ ਨੰਬਰ ਅੱਗੇ ਹੋਵੇਗਾ ਕਿਉਂਕਿ ਬਾਪਦਾਦਾ ਹਿਸਾਬ ਰੱਖਦੇ ਹਨ। ਤੁਹਾਨੂੰ ਚਾਂਸ ਨਹੀਂ ਮਿਲਿਆ, ਤੁਸੀਂ ਰਾਈਟ ਹੋ ਪਰ ਚਾਂਸ ਨਹੀਂ ਮਿਲਿਆ ਤਾਂ ਉਹ ਵੀ ਨੋਟ ਹੁੰਦਾ ਹੈ। ਅਤੇ ਮੰਗ ਕੇ ਚਾਂਸ ਲਿਆ ਉਹ ਕੀਤਾ ਤਾਂ ਸਹੀ ਪਰ ਉਹ ਵੀ ਮਾਰਕਸ ਕਟ ਹੁੰਦੇ ਹਨ। ਇਹ ਧਰਮਰਾਜ ਦਾ ਖਾਤਾ ਕੋਈ ਘੱਟ ਨਹੀਂ ਹੈ। ਬਹੁਤ ਸੂਕ੍ਸ਼੍ਮ ਹਿਸਾਬ - ਕਿਤਾਬ ਹੈ ਇਸਲਈ ਨਿ:ਸਵਾਰਥ ਬਣੋ, ਆਪਣਾ ਸਵਾਰਥ ਨਹੀਂ ਹੋਵੇ। ਕਲਿਆਣ ਦਾ ਸਵਾਰਥ ਹੋਵੇ। ਜੇਕਰ ਤੁਹਾਨੂੰ ਚਾਂਸ ਹੈ ਅਤੇ ਦੂਸਰਾ ਸਮਝਦਾ ਹੈ ਕਿ ਸਾਨੂੰ ਵੀ ਮਿਲੇ ਤਾਂ ਬਹੁਤ ਚੰਗਾ ਅਤੇ ਯੋਗ ਵੀ ਹੈ ਤਾਂ ਜੇਕਰ ਮਤਲਬ ਤੁਸੀਂ ਆਪਣਾ ਚਾਂਸ ਉਸਨੂੰ ਦਿੰਦੇ ਹੋ ਤਾਂ ਵੀ ਤੁਹਾਡਾ ਸ਼ੇਅਰ ਉਸ ਵਿੱਚ ਆ ਜਾਂਦਾ ਹੈ। ਭਾਵੇਂ ਤੁਸੀਂ ਨਹੀਂ ਕੀਤਾ, ਪਰ ਕਿਸੇਨੂੰ ਚਾਂਸ ਦਿੱਤਾ ਤਾਂ ਉਸ ਵਿੱਚ ਵੀ ਤੁਹਾਡਾ ਸ਼ੇਅਰ ਜਮਾਂ ਹੁੰਦਾ ਹੈ ਕਿਉਂਕਿ ਸੱਚਾ ਡਾਇਮੰਡ ਬਣਨਾ ਹੈ ਨਾ। ਤਾਂ ਹਿਸਾਬ - ਕਿਤਾਬ ਵੀ ਸਮਝ ਲਵੋ, ਇਵੇਂ ਅਲਬੇਲੇ ਨਹੀਂ ਚੱਲੋ, ਠੀਕ ਹੈ, ਹੋ ਗਿਆ... ਬਹੁਤ ਸੂਕ੍ਸ਼੍ਮ ਵਿੱਚ ਹਿਸਾਬ - ਕਿਤਾਬ ਦਾ ਚੋਪੜਾ ਹੈ। ਬਾਪ ਨੂੰ ਕੁਝ ਕਰਨਾ ਨਹੀਂ ਪੈਂਦਾ ਹੈ, ਆਟੋਮੈਟਿਕਲ ਹੈ। ਕਦੀ - ਕਦੀ ਬਾਪਦਾਦਾ ਬੱਚਿਆਂ ਦਾ ਚੋਪੜਾ ਦੇਖਦੇ ਵੀ ਹਨ। ਤਾਂ ਪਹਿਲੀ ਗੱਲ ਪਰਮਤ ਅਤੇ ਦੂਸਰੀ ਗੱਲ ਪਰਚਿੰਤਨ।

ਤੀਸਰੀ ਗੱਲ ਹੈ ਪ੍ਰਦਰਸ਼ਨ। ਦੂਸਰੇ ਨੂੰ ਦੇਖਣ ਵਿਚ ਮਜ਼ੋਰੀਟੀ ਬਹੁਤ ਹੁਸ਼ਿਆਰ ਹਨ। ਪ੍ਰਦਰਸ਼ਨ - ਜੋ ਦੇਖਣਗੇ ਤਾਂ ਦੇਖਣ ਦੇ ਬਾਦ ਉਹ ਕਿੱਥੇ ਜਾਣਗੇ। ਬੁੱਧੀ ਵਿੱਚ ਹੀ ਤੇ ਜਾਵੇਗੀ। ਅਤੇ ਜੋ ਦੂਸਰੇ ਨੂੰ ਦੇਖਣ ਵਿੱਚ ਸਮੇਂ ਲਗਾਏਗਾ ਉਸਨੂੰ ਆਪਣੇ ਨੂੰ ਦੇਖਣ ਦਾ ਸਮਾਂ ਕਿਥੋਂ ਮਿਲੇਗਾ? ਗੱਲਾਂ ਤਾਂ ਬਹੁਤ ਹੁੰਦੀਆਂ ਹਨ ਨਾਂ, ਅਤੇ ਜੋ ਗੱਲਾਂ ਹੁੰਦੀਆਂ ਹਨ ਉਹ ਦੇਖਣ ਵਿੱਚ ਆਉਂਦੀਆਂ ਹਨ, ਸੁਣਨ ਵਿੱਚ ਵੀ ਆਉਦੀਆਂ ਹਨ, ਜਿਨਾਂ ਵੱਡਾ ਸੰਗਠਨ ਓਨੀਆਂ ਵੱਡੀਆਂ ਗੱਲਾਂ ਹੁੰਦੀਆਂ ਹਨ। ਇਹ ਗੱਲਾਂ ਕਿਉਂ ਹੁੰਦੀਆਂ ਹਨ? ਕਈ ਸੋਚਦੇ ਹਨ,

ਇਹ ਗੱਲਾਂ ਹੋਣੀਆਂ ਨਹੀਂ ਚਾਹੀਦੀਆਂ। ਨਹੀਂ ਹੋਣੀ ਚਾਹੀਦੀਆਂ ਉਹ ਠੀਕ ਹੈ ਪਰ ਜਿਸਦੇ ਲਈ ਤੁਸੀਂ ਸਮਝ ਰਹੇ ਹੋ ਨਹੀਂ ਹੋਣੀ ਚਾਹੀਦੀ ਹੈ, ਉਸ ਵਿੱਚ ਸਮਾਂ ਕਿਉਂ ਦਿੱਤਾ? ਅਤੇ ਇਹ ਗੱਲਾਂ ਹੀ ਤਾਂ ਪੇਪਰ ਹੈ। ਜਿੰਨੀ ਵੱਡੀ ਪੜ੍ਹਾਈ ਓਨੇ ਵੱਡੇ ਪੇਪਰ ਵੀ ਹੁੰਦੇ ਹਨ। ਇਹ ਵਾਯੂਮੰਡਲ ਬਣਨਾ - ਇਹ ਸਬ ਦੇ ਲਈ ਪੇਪਰ ਵੀ ਹੈ ਕਿ ਪਰਮਤ ਜਾਂ ਪ੍ਰਦਰਸ਼ਨ ਜਾਂ ਪਰਚਿੰਤਨ ਵਿੱਚ ਕਿਥੋਂ ਤੱਕ ਆਪਣੇ ਨੂੰ ਸੇਫ਼ ਰੱਖਦੇ ਹਨ? ਦੋ ਗੱਲਾਂ ਵੱਖ ਹਨ। ਇੱਕ ਹੈ ਜਿੰਮੇਵਾਰੀ, ਜਿਸਦੇ ਕਾਰਨ ਸੁਨਣਾ ਵੀ ਪੈਂਦਾ ਹੈ, ਦੇਖਣਾ ਵੀ ਪੈਂਦਾ ਹੈ। ਤਾਂ ਉਸ ਵਿੱਚ ਕਲਿਆਣ ਦੀ ਭਾਵਨਾ ਨਾਲ ਸੁਣਨਾ ਅਤੇ ਦੇਖਣਾ। ਜਿੰਮੇਵਾਰੀ ਹੈ, ਕਲਿਆਣ ਦੀ ਭਾਵਨਾ ਹੈ, ਉਹ ਠੀਕ ਹੈ। ਪਰ ਆਪਣੀ ਅਵਸਥਾ ਨੂੰ ਹਲਚਲ ਵਿੱਚ ਲੈਕੇ ਦੇਖਣਾ, ਸੁਨਣਾ ਜਾਂ ਸੋਚਣਾ - ਇਹ ਰਾਂਗ ਹੈ। ਜੇਕਰ ਤੁਸੀਂ ਆਪਣੇ ਨੂੰ ਜਿੰਮੇਵਾਰ ਸਮਝਦੇ ਹੋ ਤਾਂ ਜਿੰਮੇਵਾਰੀ ਦੇ ਪਹਿਲੇ ਆਪਣੀ ਬ੍ਰੇਕ ਨੂੰ ਪਾਵਰਫੁੱਲ ਬਣਾਓ। ਜਿਵੇਂ ਪਹਾੜੀ ਤੇ ਚੜ੍ਹਦੇ ਹਨ ਤਾਂ ਪਹਿਲੇ ਤੋਂ ਹੀ ਸੂਚਨਾ ਦਿੰਦੇ ਹਨ ਕਿ ਆਪਣੀ ਬ੍ਰੇਕ ਨੂੰ ਠੀਕ ਚੈਕ ਕਰੋ। ਤਾਂ ਜਿੰਮੇਵਾਰੀ ਵੀ ਇੱਕ ਉੱਚ ਸਥਿਤੀ ਹੈ, ਜਿੰਮੇਵਾਰੀ ਭਲੇ ਉਠਾਓ ਪਰ ਪਹਿਲੇ ਇਹ ਚੈਕ ਕਰੋ ਕਿ ਸੈਕਿੰਡ ਵਿੱਚ ਬਿੰਦੀ ਲੱਗਦੀ ਹੈ? ਕਿ ਲਗਾਉਂਦੇ ਹੋ ਬਿੰਦੀ ਅਤੇ ਲਗ ਜਾਂਦਾ ਹੈ ਕਵੇਸ਼ਨਮਾਰਕ? ਉਹ ਰਾਂਗ ਹੈ। ਉਸ ਵਿੱਚ ਸਮੇਂ ਅਤੇ ਐਨਰਜੀ ਵੇਸ੍ਟ ਜਾਏਗੀ, ਇਸਲਈ ਪਹਿਲੇ ਆਪਣਾ ਬ੍ਰੇਕ ਪਾਵਰਫੁੱਲ ਕਰੋ। ਚਲੋ - ਦੇਖਾ, ਸੁਣਿਆ, ਜਿਥੋਂ ਤੱਕ ਹੋ ਸਕਾ ਕਲਿਆਣ ਕੀਤਾ ਅਤੇ ਫੁੱਲਸਟਾਪ। ਜੇਕਰ ਇਵੇਂ ਦੀ ਸਥਿਤੀ ਹੈ ਤਾਂ ਜਿੰਮੇਵਾਰੀ ਲਵੋ, ਨਹੀਂ ਤਾਂ ਦੇਖਦੇ ਨਹੀਂ ਦੇਖੋ, ਸੁਣਦੇ ਨਹੀਂ ਸੁਣੋਂ, ਸਵਚਿੰਤਨ ਵਿੱਚ ਰਹੋ। ਫਾਇਦਾ ਇਸਵਿੱਚ ਹੈ। ਤਾਂ ਅੱਜ ਦਾ ਪਾਠ ਕੀ ਹੋਇਆ? ਪਰਮਤ, ਪਰਚਿੰਤਨ ਅਤੇ ਪ੍ਰਦਰਸ਼ਨ ਇਹਨਾਂ ਤਿੰਨ ਗੱਲਾਂ ਤੋਂ ਮੁਕਤ ਬਣੋ ਅਤੇ ਇੱਕ ਗੱਲ ਧਾਰਨ ਕਰੋ, ਉਹ ਇੱਕ ਗੱਲ ਹੈ ਪਰ - ਉਪਕਾਰੀ ਬਣੋ। ਤਿੰਨ ਤਰ੍ਹਾਂ ਦੀ ਪਰ ਨੂੰ ਖ਼ਤਮ ਕਰੋ ਅਤੇ ਇੱਕ ਪਰ - ਪਰ - ਉਪਕਾਰੀ ਬਣੋ। ਬਣਨਾ ਆਏਗਾ? ਤਾਂ ਕਿੰਨਾ ਗੱਲਾਂ ਤੋਂ ਮੁਕਤ ਬਣੋਗੇ? ਮਾਤਾਵਾਂ ਕੀ ਕਰਨਗੀਆਂ? ਬੱਚਿਆਂ ਦੇ ਉਪਕਾਰੀ ਜਾਂ ਪਰ - ਉਪਕਾਰੀ? ਸਰਵ ਉਪਕਾਰੀ। ਸਹਿਜ ਹੈ ਜਾਂ ਕਠਿਨ ਹੈ? ਅੱਛਾ।

ਚਾਰੋਂ ਪਾਸੇ ਦੇ ਸਰਵ ਵਿਸ਼ਵ ਦੇ ਵਿਸ਼ੇਸ਼ ਆਤਮਾਵਾਂ ਨੂੰ ਸਦਾ ਸਵਚਿੰਤਨ, ਗਿਆਨ ਚਿੰਤਨ ਕਰਨ ਵਾਲਿਆਂ ਨੂੰ ਸ਼੍ਰੇਸ਼ਠ ਆਤਮਾਵਾਂ ਨੂੰ, ਸਦਾ ਬਾਪ ਦੇ ਸ਼੍ਰੇਸ਼ਠ ਮਤ ਤੇ ਹਰ ਸੰਕਲਪ, ਬੋਲ ਅਤੇ ਕਰਮ ਕਰਨ ਵਾਲੇ ਸਮੀਪ ਆਤਮਾਵਾਂ ਨੂੰ, ਚਾਰੋਂ ਪਾਸੇ ਦੇ ਡਾਇਮੰਡ ਜੁਬਲੀ ਦੇ ਲਈ ਖੁਦ ਨੂੰ ਅਤੇ ਸੇਵਾ ਨੂੰ ਅੱਗੇ ਵਧਾਉਣ ਵਾਲੇ - ਇਵੇਂ ਦੀਆਂ ਵਿਸ਼ੇਸ਼ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ - ਪਿਆਰ ਅਤੇ ਨਮਸਤੇ।

ਵਰਦਾਨ:- ਮਹਾਵੀਰ ਬਣ ਸੰਜੀਵੀਨੀ ਬੂਟੀ ਦਵਾਰਾ ਮੂਰਛਿਤ ਨੂੰ ਸੁਰਜੀਤ ਕਰਨ ਵਾਲੇ ਸ਼ਕਤੀਵਾਨ ਭਵ।

ਜਿਵੇਂ ਸੂਰਜ ਖੁਦ ਸ਼ਕਤੀਸ਼ਾਲੀ ਹੈ ਤਾਂ ਚਾਰੋਂ ਪਾਸੇ ਆਪਣੀ ਸ਼ਕਤੀ ਦਾ ਪ੍ਰਕਾਸ਼ ਫੈਲਾਉਂਦਾ ਹੈ, ਇਵੇਂ ਸ਼ਕਤੀਵਾਨ ਬਣ ਅਨੇਕਾਂ ਨੂੰ ਸੰਜੀਵਨੀ ਬੂਟੀ ਦੇਕੇ ਮੂਰਛਿਤ ਨੂੰ ਸੁਰਜੀਤ ਬਣਾਉਣ ਦੀ ਸੇਵਾ ਕਰਦੇ ਰਹੋ, ਉਦੋਂ ਕਹਾਂਗੇ ਮਹਾਵੀਰ। ਸਦਾ ਸਮ੍ਰਿਤੀ ਰੱਖੋ ਕਿ ਸਾਨੂੰ ਵਿਜੇਈ ਰਹਿਣਾ ਹੈ ਅਤੇ ਸਭਨੂੰ ਵਿਜੇਈ ਬਨਾਉਣਾ ਹੈ। ਵਿਜੇਈ ਬਣਨ ਦਾ ਸਾਧਨ ਹੈ ਬਿਜ਼ੀ ਰਹਿਣਾ। ਖੁਦ ਦਾ ਕਲਿਆਣ ਅਤੇ ਵਿਸ਼ਵ ਕਲਿਆਣ ਦੇ ਕੰਮ ਵਿੱਚ ਬਿਜ਼ੀ ਰਹੋ ਤਾਂ ਵਿਘਣ - ਵਿਨਾਸ਼ਕ ਵਾਯੂਮੰਡਲ ਬਣਦਾ ਜਾਏਗਾ।

ਸਲੋਗਨ:- ਦਿਲ ਸਦਾ ਇੱਕ ਦਿਲਾਰਾਮ ਵਿੱਚ ਲੱਗੀ ਰਹੇ - ਇਹ ਹੀ ਸੱਚੀ ਤਪੱਸਿਆ ਹੈ।

******